# ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ

ਵੱਲ

1. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਸਮੂਹ ਸਕੂਲ ਮੁੱਖੀ।

ਮੀਮੋ ਨੰ. Transfer Cell/2026/322388/2558

ਮਿਤੀ, 19.03.2026

ਵਿਸ਼ਾ:- ਬਦਲੀ ਲਾਗੂ ਨਾ ਹੋਣ ਵਾਲੇ ਅਧਿਆਪਕਾਂ/ਕਰਮਚਾਰੀਆਂ ਦਾ ਡਾਟਾ ਅਪਡੇਟ ਕਰਨ ਸਬੰਧੀ।

1.1 ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਪਿਛਲੇ ਸਮੇਂ ਦੌਰਾਨ ਵਿਭਾਗ ਵਲੋਂ ਟੀਚਰ ਟਰਾਂਸਫਰ ਪਾਲਿਸੀ 2019 ਅਤੇ ਪਾਲਿਸੀ ਵਿੱਚ ਸਮੇਂ-ਸਮੇਂ ਤੇ ਹੋਈਆਂ ਸੋਧਾਂ ਅਨੁਸਾਰ ਪੋਰਟਲ ਤਹਿਤ ਆਨਲਾਈਨ ਵਿਧੀ ਰਾਹੀਂ ਅਧਿਆਪਕਾਂ/ਕਰਮਚਾਰੀਆਂ ਦੀਆਂ ਬਦਲੀਆਂ ਕੀਤੀਆਂ ਗਈਆਂ ਸਨ।

1.2 ਆਨਲਾਈਨ ਬਦਲੀਆਂ ਕਰਨ ਸਮੇਂ ਜੋ ਬਦਲੀਆਂ ਹੋਈਆਂ ਸਨ, ਉਹਨਾਂ ਵਿਚੋਂ ਕੁਝ ਬਦਲੀਆਂ ਸਕੂਲਾਂ ਵਿੱਚ 50 ਪ੍ਰਤੀਸਤ ਤੋਂ ਘੱਟ ਸਟਾਫ ਦੀ ਸ਼ਰਤ ਕਾਰਨ ਜਾਂ ਕਿਸੇ ਹੋਰ ਵਿਭਾਗੀ ਕਾਰਨ ਲਾਗੂ ਨਹੀਂ ਹੋ ਸਕੀਆਂ, ਜਿਸ ਕਾਰਨ ਅਧਿਆਪਕ/ਕਰਮਚਾਰੀ ਦਾ ਡਾਟਾ ਬਦਲੀ ਵਾਲੇ ਸਕੂਲ (ਭਾਵ ਜਿੱਥੇ ਬਦਲੀ ਹੋਈ) ਵਿਖੇ ਹੈ ਪਰੰਤੂ ਅਧਿਆਪਕ/ਕਰਮਚਾਰੀ (ਜਿਸ ਸਕੂਲ ਤੋਂ ਬਦਲੀ ਹੋਈ ਹੈ) ਵਿਖੇ ਕੰਮ ਕਰ ਰਿਹਾ ਹੈ। ਅਜਿਹੇ ਅਧਿਆਪਕਾਂ/ਕਰਮਚਾਰੀਆਂ ਦੀਆਂ ਬਦਲੀਆਂ ਰੱਦ ਕੀਤੀਆਂ ਜਾਣੀਆਂ ਹਨ ਤਾਂ ਜੋ ਜਿੱਥੇ ਅਧਿਆਪਕ/ਕਰਮਚਾਰੀ ਕੰਮ ਕਰ ਰਿਹਾ ਹੈ, ਉਸੇ ਸਕੂਲ ਵਿੱਚ ਉਹਨਾਂ ਦਾ ਡਾਟਾ ਸਿਫਟ ਹੋ ਸਕੇ।

1.3 ਇਸ ਮੰਤਵ ਲਈ ਵਿਭਾਗ ਵਲੋਂ ਸਕੂਲ ਮੁੱਖੀ/ਡੀ.ਡੀ.ਓ ਦੇ ਖਾਤੇ ਵਿੱਚ ਇੱਕ ਲਿੰਕ Create ਕੀਤਾ ਗਿਆ ਹੈ। ਇਸ ਲਿੰਕ ਰਾਹੀਂ ਮਿਤੀ 19.03.2026 ਤੋਂ 24.03.2026 ਤੱਕ ਸਕੂਲ ਮੁੱਖੀ/ਡੀ.ਡੀ.ਓ ਕੇਵਲ ਉਹਨਾਂ ਅਧਿਆਪਕਾਂ ਦਾ ਡਾਟਾ ਭਰਨਾ ਯਕੀਨੀ ਬਣਾਉਣਗੇ, ਜਿੰਨਾਂ ਦੀ ਬਦਲੀ 50 ਪ੍ਰਤੀਸਤ ਦੀ ਸ਼ਰਤ ਕਾਰਨ ਜਾਂ ਕਿਸੇ ਹੋਰ ਵਿਭਾਗੀ ਕਾਰਨ ਲਾਗੂ ਨਹੀਂ ਹੋ ਸਕੀ।

19.3.26

ਸਹਾਇਕ ਡਾਇਰੈਕਟਰ (ਟਰਾਂਸਫਰ ਸੈੱਲ)